# KNOWING ABOUT CHILD CARE CHOICES

## ਬਾਲ ਸੰਭਾਲ (ਚਾਈਲਡ ਕੇਅਰ) ਦੀਆਂ ਚੋਣਾਂ ਬਾਰੇ ਜਾਣਕਾਰੀ ਲੈਣੀ

ਬਾਲ ਸੰਭਾਲ ਦੀ ਚੋਣ ਕਰਨ ਲੱਗਿਆਂ ਮਾਪਿਆਂ ਸਾਹਮਣੇ ਅਕਸਰ ਕਈ ਚੋਣਾਂ ਹੁੰਦੀਆਂ ਹਨ।ਬਾਲ ਸੰਭਾਲ ਦੀ ਚੋਣ ਇਹਨਾਂ ਕਈ ਗੱਲਾਂ ਤੇ ਨਿਰਭਰ ਕਰਦੀ ਹੈ:

- ਬੱਚਿਆਂ ਦੀ ਗਿਣਤੀ ਅਤੇ ਉਹਨਾਂ ਦੀਆਂ ਉਮਰਾਂ
- ਹਫਤੇ ਵਿੱਚ ਕਿੰਨੇ ਦਿਨ ਅਤੇ ਰੋਜ਼ਾਨਾ ਕਿੰਨੇ ਘੰਟੇ ਤੁਹਾਨੂੰ ਬਾਲ ਸੰਭਾਲ ਦੀ ਲੋੜ ਹੈ
- ਤੁਹਾਡੇ ਪਰਿਵਾਰ ਦਾ ਜੀਵਨ ਢੰਗ, ਸੱਭਿਆਚਾਰ, ਸਮਾਂ ਸੂਚੀ, ਧਰਮ ਜਾਂ ਬੋਲੀ
- ਤੁਸੀਂ ਕਿੰਨਾ ਕੁ ਖਰਚਾ ਕਰ ਸਕਦੇ ਹੋ?
- ਬਾਲ ਸੰਭਾਲ ਦੇ ਵੱਖ ਵੱਖ ਢੰਗਾਂ ਬਾਰੇ ਤੁਸੀਂ ਕੀ ਜਾਣਦੇ ਹੋ

ਬਾਲ ਸੰਭਾਲ ਦੀਆਂ ਵੱਖ ਵੱਖ ਕਿਸਮਾਂ ਬਾਰੇ ਤੁਹਾਨੂੰ ਜਿੰਨੀ ਜ਼ਿਆਦਾ ਜਾਣਕਾਰੀ ਹੋਵੇਗੀ, ਓਨੀ ਹੀ ਚੰਗੀ ਤਰ੍ਹਾਂ ਤੁਸੀਂ ਆਪਣੇ ਪਰਿਵਾਰ ਦੀਆਂ ਲੋੜਾਂ ਅਨੁਸਾਰ ਬਾਲ ਸੰਭਾਲ ਦੀ ਚੋਣ ਕਰ ਸਕੋਗੇ।

ਤੁਹਾਡੇ ਸ਼ਹਿਰ ਵਿੱਚ ਬਾਲ ਸੰਭਾਲ ਸੇਵਾ, ਘਰ ਜਾਂ ਕਿਸੇ ਬਾਲ ਸੰਭਾਲ ਕੇਂਦਰ ਵਿੱਚ ਦਿੱਤੀ ਜਾ ਸਕਦੀ ਹੈ। ਕਈ ਤਰ੍ਹਾਂ ਦੇ ਬਾਲ ਸੰਭਾਲ ਕੇਂਦਰਾਂ ਕੋਲ ਲਾਇਸੈਂਸ ਹੁੰਦਾ ਹੈ, ਕੁੱਝ ਦੀ ਨਿਗਰਾਨੀ ਕੋਈ ਏਜੰਸੀ ਜਾਂ ਸਹਾਇਤਾ ਨੈਟਵਰਕ ਕਰਦਾ ਹੈ ,ਅਤੇ ਬਹੁਤ ਥੋੜ੍ਹੇ ਪੂਰੀ ਤਰ੍ਹਾਂ ਮਾਪਿਆਂ ਦੀ ਨਿਗਰਾਨੀ ਹੇਠ ਚੱਲਦੇ ਹਨ। ਸਾਰੇ ਕੇਸਾਂ ਵਿੱਚ ਇਹ ਮਾਪਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਆਪਣੇ ਬੱਚਿਆਂ ਦੀਆਂ ਲੋੜਾਂ ਅਤੇ ਪਰਿਵਾਰ ਦੀ ਹਾਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਅਜੇਹੀ ਬਾਲ ਸੰਭਾਲ ਸੇਵਾ ਦੀ ਚੋਣ ਕੀਤੀ ਜਾਵੇ ਜਿਹੜੀ ਸੁਰੱਖਿਅਤ ਅਤੇ ਸਿਹਤਮੰਦ ਹੋਣ ਦੇ ਨਾਲ ਨਾਲ ਬੱਚਿਆਂ ਦੇ ਵੱਧਣ ਫੁੱਲਣ ਲਈ ਸਭ ਤੋਂ ਵਧੀਆ ਹੋਵੇ।

### ਵੱਖ ਵੱਖ ਬਦਲ

ਜਦੋਂ ਮਾਪੇ ਪਹਿਲੀ ਵਾਰੀ ਵੱਖ ਵੱਖ ਕਿਸਮਾਂ ਦੀ ਬਾਲ ਸੰਭਾਲ ਬਾਰੇ ਸੁਣਦੇ ਹਨ ਤਾਂ ਉਹ ਅਕਸਰ ਸ਼ਸ਼ੋਪੰਜ ਵਿੱਚ ਪੈ ਜਾਂਦੇ ਹਨ। ਬਾਲ ਸੰਭਾਲ ਦੀਆਂ ਕੁੱਝ ਕਿਸਮਾਂ ਬਾਰੇ ਹੇਠਾਂ ਦਿੱਤੀ ਸੰਖੇਪ ਜਾਣਕਾਰੀ ਇਹ ਫੈਸਲਾ ਕਰਨ ਵਿੱਚ ਤੁਹਾਡੀ ਸਹਾਇਤਾ ਕਰ ਸਕਦੀ ਹੈ ਕਿ ਤੁਹਾਡੇ ਬੱਚੇ ਅਤੇ ਪਰਿਵਾਰ ਲਈ ਕੀ ਵਧੀਆ ਹੈ। ਬਾਲ ਸੰਭਾਲ ਦੇ ਖਰਚੇ ਵਿੱਚ ਮਦਦ ਕਰਨ ਲਈ ਯੋਗ ਪਰਿਵਾਰਾਂ ਨੂੰ ਸੂਬੇ ਵੱਲੋਂ ਬਾਲ ਸੰਭਾਲ ਸਬਸਿਡੀ ਦਿੱਤੀ ਜਾਂਦੀ ਹੈ।

ਘਰ ਵਿੱਚ ਬਾਲ ਸੰਭਾਲ
(In-Home Child Care)

ਕੁੱਝ ਮਾਪੇ ਇਸ ਗੱਲ ਨੂੰ ਤਰਜੀਹ ਦਿੰਦੇ ਹਨ ਕਿ ਸੰਭਾਲ ਕਰਤਾ ਉਹਨਾਂ ਦੇ ਘਰ ਆ ਕੇ ਬੱਚਿਆਂ ਦੀ ਦੇਖ ਭਾਲ ਕਰੇ। ਅਜੇਹਾ ਸੰਭਾਲ-ਕਰਤਾ ਜਾਂ ਤਾਂ ਪਰਿਵਾਰ ਦੇ ਨਾਲ ਰਹਿ ਸਕਦਾ ਹੈ ਜਾਂ ਫਿਰ ਉਦੋਂ ਉੱਥੇ ਆਉਂਦਾ ਹੈ ਜਦੋਂ ਬੱਚੇ ਨੂੰ ਸੰਭਾਲਣ ਦੀ ਲੋੜ ਹੁੰਦੀ ਹੈ।

ਅਜੇਹੇ ਸੰਭਾਲ-ਕਰਤਾ ਨੂੰ ਨੈਨੀ, ਔ ਪੈਰ ਜਾਂ ਬੇਬੀਸਿਟਰ ਕਿਹਾ ਜਾਂਦਾ ਹੈ। ਘਰ ਅੰਦਰਲੇ ਸੰਭਾਲ-ਕਰਤਾ ਦੀ ਨਿਗਰਾਨੀ ਦੀ ਸਾਰੀ ਜ਼ਿੰਮੇਵਾਰੀ ਮਾਪਿਆਂ ਸਿਰ ਹੁੰਦੀ ਹੈ। ਇਹ ਜ਼ਰੂਰੀ ਨਹੀਂ ਕਿ ਸੰਭਾਲ-ਕਰਤਾ ਨੇ ਬਾਲ ਸੰਭਾਲ ਦੀ ਸਿਖਲਾਈ ਲਈ ਹੋਵੇ ਜਾਂ ਉਸ ਕੋਲ ਇਸਦਾ ਕੋਈ ਤਜਰਬਾ ਹੋਵੇ। ਸਮਾਂ ਕੱਢ ਕੇ ਇਹ ਜਾਨਣ ਦੀ ਕੋਸ਼ਿਸ਼ ਕਰੋ ਕਿ ਸੰਭਾਲ-ਕਰਤਾ ਦਾ ਪਿਛੋਕੜ ਕਿਹੋ ਜਿਹਾ ਹੈ ਅਤੇ ਉਹ ਬੱਚਿਆਂ ਨਾਲ ਕਿਵੇਂ ਵਰਤਾਓ ਕਰਦਾ/ਕਰਦੀ ਹੈ। ਰੈਫਰੈਂਸ ਅਤੇ ਅਪਰਾਧਿਕ ਰਿਕਾਰਡ ਚੈਕ ਕਰਨਾ ਵੀ ਚੰਗਾ ਰਹੇਗਾ। ਇਸ ਤਰ੍ਹਾਂ ਕਰਨ ਨਾਲ਼ ਤੁਹਾਨੂੰ ਇਹ ਯਕੀਨ ਹੋ ਜਾਵੇਗਾ ਕਿ ਤੁਹਾਡੀ ਗੈਰ-ਹਾਜ਼ਰੀ ਵਿੱਚ ਸੰਭਾਲ-ਕਰਤਾ ਤੁਹਾਡੇ ਬੱਚਿਆਂ ਦੀ ਠੀਕ ਦੇਖ ਭਾਲ ਕਰੇਗਾ/ਕਰੇਗੀ।



KNOWING ABOUT CHILD CARE CHOICES, Revised January 2013, PUNJABI
Produced by Westcoast Child Care Resource Centre, www.wstcoast.org

This project is made possible through funding from the Government of Canada and the Province of British Columbia.

ਤੁਹਾਡੇ ਅਤੇ ਸੰਭਾਲ-ਕਰਤਾ ਵਿਚਾਲੇ ਲਿਖਤੀ ਇਕਰਾਰਨਾਮਾ ਕਰਨ ਦੀ ਵੀ ਸਲਾਹ ਦਿੱਤੀ ਜਾਂਦੀ ਹੈ। ਇਸ ਇਕਰਾਰਨਾਮੇ ਵਿੱਚ ਇਹ ਲਿਖਿਆ ਹੁੰਦਾ ਹੈ ਕਿ ਸੰਭਾਲ-ਕਰਤਾ ਦੀ ਨੌਕਰੀ ਦੀਆਂ ਕੀ ਸ਼ਰਤਾਂ ਹਨ ਅਤੇ ਉਹ ਕਿਸ ਕਿਸ ਦਿਨ ਅਤੇ ਕਿੰਨੇ ਤੋਂ ਕਿੰਨੇ ਵਜੇ ਤੱਕ ਕੰਮ ਕਰੇਗਾ/ਕਰੇਗੀ।ਨਾਲ ਹੀ ਇਸ ਵਿੱਚ ਮਾਪਿਆਂ ਦੀਆਂ ਜ਼ਿੰਮੇਵਾਰੀਆਂ ਵੀ ਦਰਜ ਹੁੰਦੀਆਂ ਹਨ। ਇਕਰਾਰਨਾਮੇ ਸੰਬੰਧੀ ਹੋਰ ਜਾਣਕਾਰੀ ਲੈਣ ਲਈ *Writing a Parent-Caregiver Agreement for In-home Child Care* ਨਾਂ ਦਾ ਕਿਤਾਬਚਾ ਵੇਖੋ।

<u>ਮਨਜ਼ੂਰਸ਼ੁਦਾ ਪਰਿਵਾਰਿਕ ਬਾਲ ਸੰਭਾਲ</u>
(Licensed Family Child Care)

ਪਰਿਵਾਰਿਕ ਬਾਲ ਸੰਭਾਲ ਸੰਭਾਲ-ਕਰਤਾ ਦੇ ਆਪਣੇ ਘਰ ਦਿੱਤੀ ਜਾਂਦੀ ਹੈ। ਜੇਕਰ ਸੰਭਾਲ-ਕਰਤਾ ਤਿੰਨ ਜਾਂ ਇਸਤੋਂ ਵਧੇਰੇ ਅਜੇਹੇ ਬੱਚਿਆਂ ਦੀ ਦੇਖ ਭਾਲ ਕਰਦਾ ਹੈ ਜਿਹੜੇ ਉਸਦੇ ਆਪਣੇ ਜਾਂ ਆਪਣੇ ਰਿਸ਼ਤੇਦਾਰ ਦੇ ਨਹੀਂ ਹਨ ਤਾਂ ਉਸਨੂੰ ਕਮਿਉਨਿਟੀ ਕੇਅਰ ਫੈਸਿਲੀਟੀਜ਼ ਲਾਇਸੈਂਸਿੰਗ (Community Care Facilities Licensing) ਤੋ ਲਾਇਸੈਂਸ ਲੈਣ ਦੀ ਜ਼ਰੂਰਤ ਹੁੰਦੀ ਹੈ। ਸੂਬਾਈ ਨਿਯਮਾਂ ਅਨੁਸਾਰ, ਸੰਭਾਲ-ਕਰਤਾ 13 ਸਾਲ ਤੋਂ ਘੱਟ ਉਮਰ ਦੇ ਵੱਧ ਤੋਂ ਵੱਧ 7 ਬੱਚਿਆਂ ਦੀ ਦੇਖ-ਭਾਲ ਕਰ ਸਕਦਾ ਹੈ, ਸਮੇਤ ਆਪਣੇ ਬੱਚੇ (ਬੱਚਿਆਂ) ਦੇ। ਮਨਜ਼ੂਰਸ਼ੁਦਾ ਬਾਲ ਸੰਭਾਲ ਨਵੇਂ ਜਨਮੇ ਬੱਚਿਆਂ ਤੋਂ ਲੈ ਕੇ 12 ਸਾਲ ਦੀ ਉਮਰ ਤੱਕ ਬੱਚੇ ਹੋ ਸਕਦੇ ਹਨ। ਨਿਯਮਾਂ ਵਿੱਚ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਉਮਰ ਦੇ ਹਰੇਕ ਵਰਗ (ਨਿੱਕੇ ਬਾਲ, ਰੁੜ੍ਹਨ ਵਾਲੇ, ਪ੍ਰੀਸਕੂਲ ਜਾਣ ਵਾਲੇ ਆਦਿ) ਦੇ ਕਿੰਨੇ ਬੱਚੇ ਰੱਖੇ ਜਾ ਸਕਦੇ ਹਨ।

ਸੰਭਾਲ-ਕਰਤਾ ਲਈ ਮਨਜ਼ੂਰਸ਼ੁਦਾ ਪਰਿਵਾਰਿਕ ਬਾਲ ਸੰਭਾਲ ਨਾਲ ਸੰਬੰਧਤ ਸੂਬਾ ਸਰਕਾਰ ਦੇ ਸਾਰੇ ਨਿਯਮਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ। ਲਾਇਸੈਂਸ ਅਧਿਕਾਰੀ ਸੰਭਾਲ-ਕਰਤਾ ਦੀ ਇੰਟਰਵਿਊ ਲੈਂਦਾ ਹੈ, ਡਾਕਟਰ ਅਤੇ ਹੋਰਨਾਂ ਦੇ ਹਵਾਲੇ ਚੈਕ ਕਰਦਾ ਹੈ ਅਤੇ ਵੇਖਦਾ ਹੈ ਕਿ ਸੰਭਾਲ-ਕਰਤਾ ਅਤੇ ਘਰ ਦੇ ਹੋਰ ਜੀਆਂ ਦਾ ਅਪਰਾਧਿਕ ਪਿਛੋਕੜ ਤਾਂ ਨਹੀਂ। ਉਸਤੋਂ ਬਾਅਦ ਉਹ ਉਸ ਥਾਂ ਨੂੰ ਬਾਲ ਸੰਭਾਲ ਲਈ ਮਨਜ਼ੂਰੀ ਦੇ ਦਿੰਦਾ ਹੈ। ਸੰਭਾਲ-ਕਰਤਾ ਲਈ 20 ਘੰਟਿਆਂ ਦੀ ਸਿਖਲਾਈ ਵੀ ਜ਼ਰੂਰੀ ਹੁੰਦੀ ਹੈ। ਮੁਢਲਾ ਪਰਿਵਾਰਿਕ ਬਾਲ ਸੰਭਾਲ ਸਿਖਲਾਈ ਕੋਰਸ ਬਿਹਤਰ ਰਹੇਗਾ। ਉਸ ਕੋਲ ਮੌਜੂਦਾ ਫਸਟ ਏਡ ਸਰਟੀਫਿਕੇਟ ਵੀ ਹੋਣਾ ਚਾਹੀਦਾ ਹੈ।

ਆਪਣੇ ਬੱਚੇ ਦੀ ਵਧੀਆ ਦੇਖ-ਭਾਲ ਕਰਨ ਵਾਲੇ ਵਿਅਕਤੀ ਦੇ ਪਿਛੋਕੜ, ਤਜਰਬੇ ਅਤੇ ਨੀਤੀਆਂ ਬਾਰੇ ਤੁਹਾਨੂੰ ਆਪ ਜਾਣਕਾਰੀ ਹਾਸਲ ਕਰਨੀ ਪਵੇਗੀ। ਖੁੱਲ੍ਹੀ ਗੱਲਬਾਤ ਰਾਹੀਂ ਮਾਪੇ ਅਤੇ ਸੰਭਾਲ-ਕਰਤਾ ਇੱਕ ਦੂਜੇ ਨੂੰ ਸਮਝ ਸਕਦੇ ਹਨ ਅਤੇ ਇੱਕ ਦੂਜੇ ਤੇ ਵਿਸ਼ਵਾਸ ਕਰ ਸਕਦੇ ਹਨ। ਲਾਇਸੈਂਸਿੰਗ ਅਧਿਕਾਰੀ ਜਦੋਂ ਮਨਜ਼ੂਰਸ਼ੁਦਾ ਪਰਿਵਾਰਿਕ ਬਾਲ ਸੰਭਾਲ ਥਾਵਾਂ ਤੇ ਜਾਂਦੇ ਹਨ ਤਾਂ ਮਾਪਿਆਂ ਨੂੰ ਇਹ ਤਸੱਲੀ ਹੁੰਦੀ ਹੈ ਕਿ ਸੰਭਾਲ ਕੇਂਦਰ ਨਿਗਰਾਨੀ ਹੇਠ ਚੱਲ ਰਿਹਾ ਹੈ।

<u>ਲਾਈਸੈਂਸ ਤੋਂ ਬਗੈਰ ਰਜਿਸਟਰਡ ਪਰਿਵਾਰਿਕ ਬਾਲ ਸੰਭਾਲ</u>
(Registered License-Not-Required Family Child Care)

ਬੀ. ਸੀ. ਵਿੱਚ ਜੇਕਰ ਸੰਭਾਲ-ਕਰਤਾ ਆਪਣੇ ਨਜ਼ਦੀਕੀਆਂ ਤੋਂ ਬਗੈਰ ਕੇਵਲ ਇੱਕ ਜਾਂ ਦੋ ਬੱਚਿਆਂ ਨੂੰ ਸਾਂਭਦਾ ਹੈ ਤਾਂ ਉਸਨੂੰ ਕਿਸੇ ਲਾਇਸੈਂਸ ਦੀ ਲੋੜ ਨਹੀਂ ਹੁੰਦੀ। ਇਸਨੂੰ ਲਾਇਸੈਂਸ ਤੋਂ ਬਗੈਰ ਬਾਲ ਸੰਭਾਲ ਕਹਿੰਦੇ ਹਨ। ਇਸਦੇ ਸੰਭਾਲ-ਕਰਤਾ ਆਮ ਤੌਰ ਤੇ ਆਪਣੇ ਬੱਚਿਆਂ ਤੋਂ ਇਲਾਵਾ 0-12 ਸਾਲ ਦੀ ਉਮਰ ਦੇ ਇੱਕ ਜਾਂ ਦੋ ਬੱਚਿਆਂ ਦੀ ਦੇਖ-ਭਾਲ ਕਰਦੇ ਹਨ।

ਲਾਈਸੈਂਸ ਤੋਂ ਬਗੈਰ ਰਜਿਸਟਰਡ (RLNR) ਸੰਭਾਲ-ਕਰਤਾ ਸਥਾਨਕ ਬਾਲ ਸੰਭਾਲ ਰਿਸੋਰਸ ਅਤੇ ਰੈਫਰਲ ਪ੍ਰੋਗਰਾਮ (CCRR) ਨਾਲ ਰਜਿਸਟਰ ਹੋਣ ਦੀਆਂ ਸ਼ਰਤਾਂ ਪੂਰੀਆਂ ਕਰਦੇ ਹਨ। ਇਹਨਾਂ ਸ਼ਰਤਾਂ ਵਿੱਚ ਆਮ ਤੌਰ ਤੇ ਹੇਠ ਲਿਖੀਆਂ ਗੱਲਾਂ ਸ਼ਾਮਲ ਹੁੰਦੀਆਂ ਹਨ:

- ਅਪਰਾਧਿਕ ਪਿਛੋਕੜ ਦੀ ਚੈਕਿੰਗ
- ਹਵਾਲੇ
- ਘਰ ਦੀ ਸਾਫ ਸਫਾਈ ਅਤੇ ਸੁਰੱਖਿਆ ਦੀ ਜਾਂਚ
- ਡਾਕਟਰ ਦੀ ਰਿਪੋਰਟ


This project is made possible through funding from the Government of Canada and the Province of British Columbia.

- ਫਸਟ ਏਡ ਦੀ ਸਿਖਲਾਈ
- ਘੱਟੋ ਘੱਟ 20 ਘੰਟਿਆਂ ਦਾ ਮੁਢਲਾ ਪਰਿਵਾਰਿਕ ਬਾਲ ਸੰਭਾਲ ਕੋਰਸ ਪੂਰਾ ਕੀਤਾ ਹੋਵੇ
- ਪ੍ਰੋਫੈਸ਼ਨਲ ਡਿਵੈਲਪਮੈਂਟ ਵਰਕਸ਼ਾਪਾਂ ਵਿੱਚ ਹਿੱਸਾ ਲੈਂਦਾ ਆ ਰਿਹਾ ਹੋਵੇ

ਭਾਵੇਂ ਸੀ ਸੀ ਆਰ ਆਰ, ਲਾਈਸੈਂਸ ਤੋਂ ਬਗੈਰ ਰਜਿਸਟਰਡ ਸੇਵਾ ਦੀ ਸਹਾਇਤਾ ਕਰਦੇ ਹਨ, ਪਰ ਮਾਪੇ ਬਾਲ ਸੰਭਾਲ ਦੀ ਨਿਗਰਾਨੀ ਕਰਦੇ ਹਨ। ਤੁਹਾਨੂੰ ਆਪਣੀ ਚੋਣ ਕਰਨ ਤੋਂ ਪਹਿਲਾਂ ਕਈ ਰਜਿਸਟਰਡ ਸੰਭਾਲ-ਕਰਤਾਵਾਂ ਤੋਂ ਇਹ ਜ਼ਰੂਰ ਪਤਾ ਕਰਨਾ ਚਾਹੀਦਾ ਹੈ ਕਿ ਉਹ ਕਿਸ ਤਰਾਂ ਦੀ ਬਾਲ ਸੰਭਾਲ ਕਰਦੇ ਹਨ। ਤੁਸੀਂ ਉਹਨਾਂ ਨੂੰ ਇਹ ਸਬੂਤ ਦਿਖਾਉਣ ਲਈ ਕਹਿ ਸਕਦੇ ਹੋ ਕਿ ਉਹ ਸਥਾਨਕ ਬਾਲ ਸੰਭਾਲ ਰਿਸੋਰਸ ਅਤੇ ਰੈਫਰਲ ਪ੍ਰੋਗਰਾਮ ਨਾਲ ਰਜਿਸਟਰਡ ਹਨ।

<u>ਲਾਈਸੈਂਸ ਤੋਂ ਬਗੈਰ ਪਰਿਵਾਰਿਕ ਬਾਲ ਸੰਭਾਲ</u>

(License-Not-Required Family Child Care)

ਇਹ ਜ਼ਰੂਰੀ ਨਹੀਂ ਕਿ ਲਾਈਸੈਂਸ ਤੋਂ ਬਗੈਰ ਸੰਭਾਲ-ਕਰਤਾ ਕਿਸੇ ਬਾਲ ਸੰਭਾਲ ਰਿਸੋਰਸ ਅਤੇ ਰੈਫਰਲ ਪ੍ਰੋਗਰਾਮ ਨਾਲ ਰਜਿਸਟਰਡ ਹੋਣ। ਉਹਨਾਂ ਨੂੰ ਗੈਰ-ਮਨਜ਼ੂਰਸ਼ੁਦਾ ਜਾਂ ਸਾਦੇ ਸੰਭਾਲ-ਕਰਤਾ ਵੀ ਆਖਿਆ ਜਾਂਦਾ ਹੈ। ਉਹਨਾਂ ਕੋਲ ਬਾਲ ਸੰਭਾਲ ਦਾ ਰਸਮੀ ਤਜ਼ਰਬਾ ਹੋਣਾ ਜ਼ਰੂਰੀ ਨਹੀਂ ਹੈ। ਇਸ ਗੈਰ-ਮਨਜ਼ੂਰਸ਼ੁਦਾ ਬਾਲ ਸੰਭਾਲ ਸੇਵਾ ਦੀ ਨਿਗਰਾਨੀ ਕਰਨ ਦੀ ਸਾਰੀ ਜ਼ਿੰਮੇਵਾਰੀ ਮਾਪਿਆਂ ਦੀ ਹੁੰਦੀ ਹੈ। ਤੁਹਾਨੂੰ ਸੰਭਾਲ-ਕਰਤਾ ਦੇ ਪਿਛੋਕੜ ਅਤੇ ਉਸਦੇ ਬੱਚਿਆਂ ਦੀ ਦੇਖ-ਭਾਲ ਦੇ ਤਰੀਕੇ ਬਾਰੇ ਵੱਧ ਤੋਂ ਵੱਧ ਜਾਣਕਾਰੀ ਲੈਣੀ ਚਾਹੀਦੀ ਹੈ। ਇਹ ਵੀ ਪਤਾ ਕਰੋ ਕਿ ਸੰਭਾਲ-ਕਰਤਾ ਕੋਲ ਬਾਲ ਸੰਭਾਲ ਦੀ ਸਿਖਲਾਈ ਜਾਂ ਪੁਰਾਣਾ ਤਜਰਬਾ ਹੈ ਜਾਂ ਨਹੀਂ, ਅਤੇ ਨਾਲ ਹੀ ਹਵਾਲੇ ਚੈਕ ਕਰੋ। ਇਸ ਤਰਾਂ ਕਰਨ ਨਾਲ ਤੁਹਾਨੂੰ ਇਹ ਯਕੀਨ ਹੋ ਸਕੇਗਾ ਕਿ ਤੁਹਾਡੇ ਬੱਚੇ ਦੀ ਸਹੀ ਦੇਖ-ਭਾਲ ਹੋ ਰਹੀ ਹੈ।

<u>ਮਨਜ਼ੂਰਸ਼ੁਦਾ ਗਰੁੱਪ ਬਾਲ ਸੰਭਾਲ</u>

(Licensed Group Child Care)

ਗਰੁੱਪ ਬਾਲ ਸੰਭਾਲ ਮਨਜ਼ੂਰਸ਼ੁਦਾ ਬਾਲ ਸੰਭਾਲ ਕੇਂਦਰਾਂ ਵਿੱਚ ਦਿੱਤੀ ਜਾਂਦੀ ਹੈ ਜਿੱਥੇ ਬੱਚਿਆਂ ਨੂੰ ਉਮਰ ਦੇ ਹਿਸਾਬ ਨਾਲ ਗਰੁੱਪਾਂ ਵਿੱਚ ਰੱਖਿਆਂ ਜਾਂਦਾ ਹੈ। ਕੁੱਝ ਕੇਂਦਰ ਬਹੁਤ ਨਿੱਕੇ ਬੱਚਿਆਂ (18 ਮਹੀਨਿਆਂ ਦੀ ਉਮਰ ਤੱਕ ਦੇ) ਦੀ ਦੇਖ-ਭਾਲ ਕਰਦੇ ਹਨ, ਕੁੱਝ ਰਿੜ੍ਹਨ ਵਾਲਿਆਂ ਦੀ (19-36 ਮਹੀਨਿਆਂ ਦੇ), ਕੁੱਝ 30 ਮਹੀਨਿਆਂ ਤੋਂ ਲੈ ਕੇ ਸਕੂਲ ਜਾਣ ਦੀ ਉਮਰ ਦੇ ਬੱਚਿਆਂ ਨੂੰ ਸਾਂਭਦੇ ਹਨ ਅਤੇ ਕੁੱਝ ਹੋਰ ਸਕੂਲ ਜਾਣ ਦੀ ਉਮਰ ਤੋਂ ਲੈ ਕੇ 12 ਸਾਲ ਦੇ ਬੱਚਿਆਂ ਦੀ ਸੰਭਾਲ ਕਰਦੇ ਹਨ। ਗਰੁੱਪ ਸੰਭਾਲ ਸਹੂਲਤਾਂ, ਸਾਜ਼ੋ ਸਮਾਨ ਅਤੇ ਅਮਲਾ, ਸਭ ਕੁੱਝ ਸੂਬਾਈ ਬਾਲ ਸੰਭਾਲ ਨਿਯਮਾਂ ਅਨੁਸਾਰ ਰੱਖਿਆ ਜਾਂਦਾ ਹੈ। ਬਾਲ ਸੰਭਾਲ ਲਾਇਸੈਂਸਿੰਗ ਅਧਿਕਾਰੀ ਇਹਨਾਂ ਥਾਵਾਂ ਦੀ ਚੈਕਿੰਗ ਕਰਦੇ ਰਹਿੰਦੇ ਹਨ। ਇਹਨਾਂ ਪ੍ਰੋਗਰਾਮਾਂ ਦੇ ਬਹੁਤੇ ਬੱਚੇ ਸੋਮਵਾਰ ਤੋਂ ਲੈ ਕੇ ਸ਼ੁੱਕਰਵਾਰ ਤੱਕ ਹਰ ਰੋਜ਼ ਕਈ ਘੰਟੇ ਸੰਭਾਲ ਕੇਂਦਰ ਵਿੱਚ ਰਹਿੰਦੇ ਹਨ।

ਭਾਵੇਂ ਮਨਜ਼ੂਰਸ਼ੁਦਾ ਗਰੁੱਪ ਬਾਲ ਸੰਭਾਲ ਪ੍ਰੋਗਰਾਮਾਂ ਦੀਆਂ ਕਈ ਗੱਲਾਂ ਇੱਕ ਦੂਜੇ ਨਾਲ ਮੇਲ ਖਾਂਦੀਆਂ ਹਨ, ਫਿਰ ਵੀ ਹਰੇਕ ਕੇਂਦਰ ਦਾ ਬੱਚਿਆਂ ਦੀ ਦੇਖ-ਭਾਲ ਕਰਨ ਦਾ ਆਪਣਾ ਅਲੱਗ ਤਰੀਕਾ ਹੁੰਦਾ ਹੈ। ਵੱਖ ਵੱਖ ਗਰੁੱਪ ਸੰਭਾਲ ਪ੍ਰੋਗਰਾਮਾ ਵਿੱਚ ਜਾਣ ਤੇ ਤੁਹਾਨੂੰ ਇਹ ਪਤਾ ਲੱਗ ਸਕਦਾ ਹੈ ਕਿ ਉਹਨਾਂ ਦੇ ਬੱਚਿਆਂ ਦੀ ਸੰਭਾਲ ਕਰਨ ਅਤੇ ਆਪਣੇ ਪ੍ਰੋਗਰਾਮ ਚਲਾਉਣ ਦੇ ਤਰੀਕਿਆਂ ਵਿੱਚ ਕੀ ਫਰਕ ਹਨ। ਆਪਣੇ ਬੱਚੇ ਅਤੇ ਪਰਿਵਾਰ ਦੀ ਹਾਲਤ ਅਨੁਸਾਰ ਸਭ ਤੋਂ ਢੁੱਕਵੇਂ ਮਨਜ਼ੂਰਸ਼ੁਦਾ ਗਰੁੱਪ ਸੰਭਾਲ ਪ੍ਰੋਗਰਾਮ ਦੀ ਚੋਣ ਕਰਨ ਦੀ ਜ਼ੁੰਮੇਵਾਰੀ ਤੁਹਾਡੀ ਆਪਣੀ ਹੈ। ਹੋਰ ਕਿਸਮਾਂ ਦੀ ਬਾਲ ਸੰਭਾਲ ਦੀ ਤਰਾਂ ਤੁਹਾਨੂੰ ਇੱਥੇ ਵੀ ਇਹ ਵੇਖਦੇ ਰਹਿਣਾ ਚਾਹੀਦਾ ਹੈ ਕਿ ਤੁਹਾਡੇ ਬੱਚੇ ਦੀ ਸਹੀ ਦੇਖ ਭਾਲ ਹੋ ਰਹੀ ਹੈ।

<u>ਮਨਜ਼ੂਰਸ਼ੁਦਾ ਪ੍ਰੀਸਕੂਲ</u>

(Licensed Preschool)

ਪ੍ਰੀਸਕੂਲ ਮਨਜ਼ੂਰਸ਼ੁਦਾ ਪਾਰਟ-ਟਾਈਮ ਪ੍ਰੋਗਰਾਮ ਹਨ ਜਿਹੜੇ 30 ਮਹੀਨਿਆਂ ਤੋਂ ਲੈ ਕੇ ਸਕੂਲ ਜਾਣ ਦੀ ਉਮਰ ਵਾਲੇ ਬੱਚਿਆਂ ਲਈ ਚਲਾਏ ਜਾਂਦੇ ਹਨ। ਬੱਚੇ ਇੱਥੇ ਹਫਤੇ ਵਿੱਚ ਦੋ ਤੋਂ ਲੈ ਕੇ ਪੰਜ ਦਿਨ ਜਾਂਦੇ ਹਨ। ਉਹ ਸਵੇਰੇ ਜਾਂ ਦੁਪਹਿਰ ਬਾਅਦ ਦੋ ਤੋਂ ਚਾਰ



This project is made possible through funding from the Government of Canada and the Province of British Columbia.

ਘੰਟਿਆਂ ਲਈ ਉੱਥੇ ਰਹਿੰਦੇ ਹਨ। ਕੁੱਝ ਪ੍ਰੀਸਕੂਲਾਂ ਵਿੱਚ 3 ਅਤੇ 4 ਸਾਲ ਦੇ ਬੱਚਿਆਂ ਲਈ ਅਲੱਗ ਪ੍ਰੋਗਰਾਮ ਚੱਲਦੇ ਹਨ ਜਦ ਕਿ ਬਾਕੀਆਂ ਵਿੱਚ ਸਾਰੇ ਇਕੱਠੇ ਹੁੰਦੇ ਹਨ।ਬਾਲ ਸੰਭਾਲ ਲਾਇਸੈਂਸਿੰਗ ਅਧਿਕਾਰੀ ਇਹਨਾਂ ਥਾਵਾਂ ਦੀ ਵੀ ਚੈਕਿੰਗ ਕਰਦੇ ਹਨ।ਕੁੱਝ ਪ੍ਰੀਸਕੂਲਾਂ ਦੀ ਇਹ ਸ਼ਰਤ ਹੁੰਦੀ ਹੈ ਕਿ ਮਾਪੇ ਕੁੱਝ ਸਮੇਂ ਲਈ ਪ੍ਰੋਗਰਾਮ ਵਿੱਚ ਹਿੱਸਾ ਲੈਣ।

ਵੱਖ ਵੱਖ ਪ੍ਰੀਸਕੂਲ ਵੇਖਣ ਤੋਂ ਬਾਅਦ ਇਹ ਫੈਸਲਾ ਕਰੋ ਕਿ ਤੁਹਾਡੇ ਬੱਚੇ ਲਈ ਸਭ ਤੋਂ ਢੁੱਕਵਾਂ ਪ੍ਰੋਗਰਾਮ ਕਿੱਥੇ ਚੱਲ ਰਿਹਾ ਹੈ। ਗਹੁ ਨਾਲ ਵੇਖੋ ਕਿ ਤੁਹਾਡਾ ਬੱਚਾ ਪ੍ਰੀਸਕੂਲ ਵਿੱਚ ਕਿਵੇਂ ਮਹਿਸੂਸ ਕਰਦਾ ਹੈ ਅਤੇ ਜੇਕਰ ਤੁਹਾਡੇ ਮਨ ਵਿੱਚ ਕੋਈ ਸਵਾਲ ਹੋਵੇ ਤਾਂ ਉਸ ਬਾਰੇ ਸਟਾਫ ਨਾਲ ਖੁੱਲ੍ਹ ਕੇ ਗੱਲ ਕਰੋ।

ਸਕੂਲੀ ਉਮਰ ਦੇ ਬੱਚਿਆਂ ਲਈ ਮਨਜ਼ੂਰਸ਼ੁਦਾ ਬਾਲ ਸੰਭਾਲ
(Licensed School Age Child Care)

ਸਕੂਲੀ ਉਮਰ ਦੇ ਬੱਚਿਆਂ ਲਈ ਮਨਜ਼ੂਰਸ਼ੁਦਾ ਬਾਲ ਸੰਭਾਲ ਪ੍ਰੋਗਰਾਮ ਸਕੂਲ ਜਾਣ ਵਾਲੇ ਬੱਚਿਆਂ ਨੂੰ ਸਕੂਲ ਦੇ ਸਮੇਂ ਤੋਂ ਬਾਹਰ ਸੇਵਾਵਾਂ ਦਿੰਦੇ ਹਨ। ਕੁੱਝ ਪ੍ਰੋਗਰਾਮ ਸਕੂਲ ਦੇ ਸਮੇਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਸੇਵਾਵਾਂ ਦਿੰਦੇ ਹਨ ਜਦ ਕਿ ਬਾਕੀ ਦੇ ਕੇਵਲ ਸਕੂਲ ਦੇ ਸਮੇਂ ਤੋਂ ਬਾਅਦ ਚਲਾਏ ਜਾਂਦੇ ਹਨ। ਸਕੂਲਾਂ ਵਿੱਚ ਛੁੱਟੀਆਂ ਦੌਰਾਨ ਅਤੇ ਜਦੋਂ ਸਕੂਲ ਬੰਦ ਹੋਵੇ ਤਾਂ ਪੂਰੇ ਦਿਨ ਦੀਆਂ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ।

ਸਕੂਲੀ ਉਮਰ ਦੇ ਬੱਚਿਆਂ ਲਈ ਪ੍ਰੋਗਰਾਮ ਉਹ ਵਿਅਕਤੀ ਚਲਾਉਂਦੇ ਹਨ ,ਜਿਹਨਾਂ ਦੀ ਉਮਰ ਘੱਟੋ ਘੱਟ 19 ਸਾਲ ਹੋਵੇ ਅਤੇ ਉਹਨਾਂ ਨੇ 20 ਘੰਟਿਆਂ ਦੀ ਬਾਲ ਸੰਭਾਲ ਦੀ ਰਸਮੀ ਸਿਖਲਾਈ ਲਈ ਹੋਵੇ ।ਕੁੱਝ ਕਰਮਚਾਰੀਆਂ ਕੋਲ ਸਕੂਲੀ ਉਮਰ ਦੇ ਬੱਚਿਆਂ ਲਈ ਬਾਲ ਸੰਭਾਲ ਦਾ ਸਰਟੀਫਿਕੇਟ ਜਾਂ ਈ ਸੀ ਈ ਸਰਟੀਫਿਕੇਟ ਹੁੰਦਾ ਹੈ ਜਾਂ ਬੱਚਿਆਂ ਅਤੇ ਪਰਿਵਾਰਾਂ ਨਾਲ ਕੰਮ ਕਰਨ ਸੰਬੰਧੀ ਪੜ੍ਹਾਈ ਅਤੇ ਤਜ਼ਰਬਾ ਹੁੰਦਾ ਹੈ।ਸਕੂਲੀ ਉਮਰ ਦੇ ਬੱਚਿਆਂ ਲਈ ਸਹੂਲਤਾਂ, ਸਾਜ਼ੋ ਸਮਾਨ ਅਤੇ ਸਟਾਫ ਬਾਲ ਸੰਭਾਲ ਬਾਰੇ ਸੂਬਾ ਸਰਕਾਰ ਦੇ ਨਿਯਮਾਂ ਅਨੁਸਾਰ ਹੁੰਦਾ ਹੈ।ਬਾਲ ਸੰਭਾਲ ਲਾਇਸੈਂਸਿੰਗ ਅਧਿਕਾਰੀ ਇਹਨਾਂ ਥਾਵਾਂ ਦੀ ਵੀ ਚੈਕਿੰਗ ਕਰਦੇ ਹਨ।

ਸਕੂਲੀ ਉਮਰ ਦੇ ਪ੍ਰੋਗਰਾਮ ਦੇ ਸਟਾਫ ਨਾਲ ਮਿਲਣ ਨਾਲ ਤੁਹਾਨੂੰ ਇਹ ਤਸੱਲੀ ਹੋਵੇਗੀ ਕਿ ਤੁਹਾਡੇ ਬੱਚੇ ਦੀ ਠੀਕ ਦੇਖ-ਭਾਲ ਹੋ ਰਹੀ ਹੈ। ਆਪਣੇ ਬੱਚੇ ਦੀ ਸੰਭਾਲ ਬਾਰੇ ਪ੍ਰੋਗਰਾਮ ਸਟਾਫ ਨਾਲ ਖੁੱਲ੍ਹੀ ਗੱਲਬਾਤ ਕਰਨ ਦੀ ਜ਼ੁੰਮੇਵਾਰੀ ਤੁਹਾਡੀ ਆਪਣੀ ਹੈ।

**ਕੀ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ?**

ਵਧੀਆ ਦਰਜੇ ਦੀ ਬਾਲ ਸੰਭਾਲ ਦੀ ਚੋਣ ਕਰਨ ਬਾਰੇ ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਇਹਨਾਂ ਕਿਤਾਬਚਿਆਂ ਬਾਰੇ ਪੁੱਛੋ:

- ਬਾਲ ਸੰਭਾਲ ਦੀ ਚੋਣ ਕਰਨੀ (Choosing Child Care)
- ਘਰ ਦੇ ਅੰਦਰ ਸੰਭਾਲ-ਕਰਤਾ ਦੀ ਚੋਣ ਕਰਨੀ (Selecting an In-Home Caregiver)
- ਬਾਲ ਸੰਭਾਲ ਦੀ ਚੋਣ ਕਰਨ ਸੰਬੰਧੀ ਮਾਪਿਆਂ ਲਈ ਗਾਈਡ (Parent's Guide to Selecting Child Care)

ਜਾਂ ਸਥਾਨਕ ਬਾਲ ਸੰਭਾਲ ਰਿਸੋਰਸ ਅਤੇ ਰੈਫਰਲ (Child Care Resource & Referral) ਦਾ ਪਤਾ ਕਰਨ ਲਈ ਇਨਕੁਆਇਰੀ ਬੀਸੀ (Enquiry BC) ਨਾਲ ਇਸ ਨੰਬਰ ਤੇ ਫੋਨ ਕਰੋ

1-800-663-7867 ਜਾਂ 604-660-2421
ਜਾਂ ਮਨਿਸਟਰੀ ਆਫ ਚਾਈਲਡ ਐਂਡ ਫੈਮਿਲੀ ਡਿਵੈਲਪਮੈਂਟ ਦੇ ਵੈੱਬਸਾਈਟ ਤੇ ਜਾਓ:

http://www.mcf.gov.bc.ca/childcare/index.htm



KNOWING ABOUT CHILD CARE CHOICES, Revised January 2013, PUNJABI
Produced by Westcoast Child Care Resource Centre, www.wstcoast.org

Canada BRITISH COLUMBIA WelcomeBC

This project is made possible through funding from the Government of Canada and the Province of British Columbia.